ਵਲੋਂ

ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ,
(ਤਕਨੀਕੀ ਸਿਖਿਆ ਵਿੰਗ), ਪੰਜਾਬ,
ਚੰਡੀਗੜ੍ਹ।

ਸੇਵਾ ਵਿਚ

ਪ੍ਰਿੰਸੀਪਲ,
1) ਸਾਰੇ ਗੈਰ ਸਰਕਾਰੀ (ਏਡਿਡ) ਬਹੁਤਕਨੀਕੀ ਕਾਲਜ।
2) ਸਾਰੇ ਪ੍ਰਾਈਵੇਟ ਬਹੁਤਕਨੀਕੀ ਕਾਲਜ।

ਮੀਮੋ ਨੰ: 972-73 /ਕੰਡਕਟ
ਮਿਤੀ: 20-06-2014

ਵਿਸ਼ਾ: Regarding non-implementation of Sixth Pay Scale Commission recommendation in Technical Institutions.

ਹਵਾਲਾ: ਇਸ ਦਫਤਰ ਦਾ ਪੱਤਰ ਨੰ:2619-2749/ਕੰਡਕਟ ਮਿਤੀ 1.8.2012, ਯਾਦ ਪੱਤਰ ਨੰ:4306-4434 ਮਿਤੀ 19.9.2012 ਅਤੇ ਨੰ:5657-5807/ਕੰਡਕਟ ਮਿਤੀ 28.12.2012 ਉਪਰੋਕਤ ਵਿਸ਼ੇ ਤੇ।

2. ਹਵਾਲਾ ਅਧੀਨ ਪੱਤਰਾਂ ਰਾਹੀਂ ਆਪ ਨੂੰ ਸਰਵ ਭਾਰਤੀ ਤਕਨੀਕੀ ਸਿਖਿਆ ਕੌਂਸਲ ਦੇ ਪੱਤਰ ਨੰ:1-101/CC/AICTE/NWRO/2011/77 ਮਿਤੀ 12.1.2012 ਦੀ ਕਾਪੀ ਭੇਜਦਿਆਂ ਲਿਖਿਆ ਗਿਆ ਸੀ ਕਿ ਸੰਸਥਾਵਾਂ ਵਿਚ ਸਰਵ ਭਾਰਤੀ ਤਕਨੀਕੀ ਸਿਖਿਆ ਕੌਂਸਲ ਵਲੋਂ ਅਪਰੂਵਡ Pay Scales, Service Conditions and Qualifications ਸਰਵ ਭਾਰਤੀ ਤਕਨੀਕੀ ਸਿਖਿਆ ਕੌਂਸਲ ਦੀ ਨੋਟੀਫਿਕੇਸ਼ਨ ਮਿਤੀ 5.3.2010 ਅਨੁਸਾਰ ਲਾਗੂ ਕਰਦਿਆਂ ਮੁਕੰਮਲ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ, ਪ੍ਰੰਤੂ ਆਪ ਵੱਲੋਂ ਜਾਣਬੁਝ ਕੇ ਇਸ ਸਰਬ ਭਾਰਤੀ ਤਕਨੀਕੀ ਸਿਖਿਆ ਕੌਂਸਲ ਦੀ ਨੋਟੀਫਿਕੇਸ਼ਨ ਦੀ ਉਲੰਘਣਾ ਕੀਤੀ ਜਾ ਰਹੀ ਹੈ ਜਦਕਿ ਆਪ ਨੂੰ ਬਾਰ ਬਾਰ ਯਾਦ ਪੱਤਰ ਭੇਜਕੇ ਯਾਦ ਕਰਵਾਇਆ ਗਿਆ ਹੈ।

ਹੁਣ ਆਪ ਨੂੰ ਸਰਬ ਭਾਰਤੀ ਤਕਨੀਕੀ ਸਿਖਿਆ ਕੌਂਸਲ ਦੀ ਉਪਰੋਕਤ ਨੋਟੀਫਿਕੇਸ਼ਨ ਨੂੰ ਲਾਗੂ ਕਰਨ ਲਈ ਵਿਭਾਗ ਵੱਲੋਂ ਆਖਰੀ ਮੌਕਾ ਦਿੰਦੇ ਹੋਏ ਇਕ ਮਹੀਨੇ ਦਾ ਸਮਾਂ ਦਿੱਤਾ ਜਾਂਦਾ ਹੈ, ਜੇਕਰ ਇਕ ਮਹੀਨੇ ਵਿੱਚ ਇਸ ਸਬੰਧੀ ਲੋੜੀਂਦੀ ਕਾਰਵਾਈ ਅਮਲ ਵਿੱਚ ਨਾ ਲਿਆਂਦੀ ਗਈ ਤਾਂ ਸਰਬ ਭਾਰਤੀ ਤਕਨੀਕੀ ਸਿਖਿਆ ਕੌਂਸਲ ਨੂੰ ਬਣਦੀ ਕਾਰਵਾਈ ਹਿੱਤ ਲਿਖ ਦਿੱਤਾ ਜਾਵੇਗਾ।

ਵਧੀਕ ਡਾਇਰੈਕਟਰ,
ਵਾ:ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ, ਪੰਜਾਬ।

ਪਿੱਠ ਅੰਕਣ ਨੰ: /ਕੰਡਕਟ ਮਿਤੀ:

ਇਸ ਦੀ ਇਕ ਨਕਲ ਸਕੱਤਰ, ਪੰਜਾਬ ਰਾਜ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ, ਚੰਡੀਗੜ੍ਹ ਨੂੰ ਇਸ ਦਫਤਰ ਦੀ ਮੀਮੋ ਨੰ: 1740/ਕੰਡਕਟ ਮਿਤੀ 31.5.2013 ਦੀ ਲਗਾਤਾਰਤਾ ਵਿੱਚ ਭੇਜਦਿਆਂ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਛੇਵੇਂ ਪੇਅ ਕਮਿਸ਼ਨ ਵੱਲੋਂ ਪ੍ਰਵਾਨਤ ਤਨਖਾਹ ਸਕੇਲ ਅਤੇ ਹੋਰ ਸਰਵਿਸ ਕੰਡੀਸ਼ਨਾਂ ਨੂੰ ਸਰਬ ਭਾਰਤੀ ਤਕਨੀਕੀ ਸਿਖਿਆ ਕੌਂਸਲ ਵੱਲੋਂ ਅਪਰੂਵਡ ਪ੍ਰਾਈਵੇਟ ਬਹੁਤਕਨੀਕੀ ਸੰਸਥਾਵਾਂ ਵਿੱਚ ਲਾਗੂ ਕਰਵਾਉਣ ਲਈ ਬਣਦੀ ਲੋੜੀਂਦੀ ਕਾਰਵਾਈ ਕੀਤੀ ਜਾਵੇ ਅਤੇ ਸੂਚਨਾ ਇਸ ਦਫਤਰ ਨੂੰ ਵੀ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ।

ਵਧੀਕ ਡਾਇਰੈਕਟਰ,
ਵਾ:ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ, ਪੰਜਾਬ।